# ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ,ਚੰਡੀਗੜ੍ਹ।

## ਬੈਂਕ ਪੀ.ਓ. ਅਤੇ ਏ.ਓ.ਓ.(ਐਲ.ਆਈ.ਸੀ./ਜੀ.ਆਈ.ਸੀ.)-2015 ਲਈ ਐਂਟਰੈਂਸ ਟੈਸਟ ਵਾਸਤੇ ਕੋਚਿੰਗ ਲਈ ਦਾਖਲਾ ਸੂਚਨਾ

ਅੰਬੇਡਕਰ ਇੰਸਟੀਚਿਊਟ ਆਫ ਕਰੀਅਰਜ਼ ਐਂਡ ਕੋਰਸਿਜ਼, ਫੇਸ-।।।-ਬੀ-2, ਐਸ.ਏ.ਐਸ.ਨਗਰ, ਮੁਹਾਲੀ ਵਿਖੇ ਪ੍ਰੋਬੇਸ਼ਨਰੀ ਆਫੀਸਰ (ਬੈਂਕ) ਅਤੇ ਅਸਿਸਟੈਂਟ ਐਡਮਨਿਸਟ੍ਰੇਟਿਵ ਆਫੀਸਰਜ(ਐਲ.ਆਈ.ਸੀ./ ਜੀ.ਆਈ.ਸੀ.) ਪ੍ਰੀਖਿਆ-2015 ਦੀ ਕੋਚਿੰਗ ਪ੍ਰਾਪਤ ਕਰਨ ਲਈ ਪੰਜਾਬ ਦੇ ਪੱਕੇ ਵਸਨੀਕ, ਅਨੁਸੂਚਿਤ ਜਾਤੀਆਂ, ਹੋਰ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਸਮੁਦਾਇ (ਮੁਸਲਿਮ, ਸਿੱਖ, ਇਸਾਈ, ਬੋਧੀ, ਪਾਰਸੀ ਅਤੇ ਜੈਨੀ) ਨਾਲ ਸਬੰਧਤ ਉਮੀਦਵਾਰਾਂ, ਜਿਨ੍ਹਾਂ ਨੇ ਗ੍ਰੈਜੂਏਸ਼ਨ ਕੀਤੀ ਹੋਵੇ, ਤੋਂ ਬਿਨੇਪੱਤਰਾਂ ਦੀ ਮਗ ਕੀਤੀ ਜਾਂਦੀ ਹੈ। ਉਮੀਦਵਾਰ ਦੇ ਮਾਪਿਆਂ ਦੀ ਸਾਰੇ ਸਰੋਤਾਂ ਤੋਂ ਆਮਦਨ 1.00 ਲੱਖ ਰੁਪਏ ਪ੍ਰਤੀ ਸਾਲ ਤੋਂ ਵਧੇਰੇ ਨਹੀਂ ਹੋਣੀ ਚਾਹੀਦੀ। ਕੋਰਸ ਦੀਆਂ 40 ਸੀਟਾਂ ਵਿਚੋਂ 50% ਸੀਟਾਂ ਅਨੁਸੂਚਿਤ ਜਾਤੀਆਂ, 30% ਸੀਟਾਂ ਹੋਰ ਪੱਛੜੀਆਂ ਸ਼੍ਰੇਣੀਆਂ ਲਈ ਅਤੇ 20% ਸੀਟਾਂ ਘੱਟ ਗਿਣਤੀ ਵਰਗ ਨਾਲ ਸਬੰਧਤ ਉਮੀਦਵਾਰਾਂ ਲਈ ਰਾਖਵੀਆਂ ਹਨ, ਬਸ਼ਰਤੇ ਕਿ ਉਪਲਬਧਤਾ ਦੇ ਤਹਿਤ ਹਰੇਕ ਸ਼੍ਰੇਣੀ ਵਿਚ 30% ਮਹਿਲਾਵਾਂ ਅਤੇ 5% ਅਪਾਹਜ ਉਮੀਦਵਾਰ ਸ਼ਾਮਲ ਕੀਤੇ ਜਾ ਸਕਦੇ ਹਨ। ਹਰੇਕ ਚੁਣੇ ਗਏ ਉਮੀਦਵਾਰ ਨੂੰ ਸਰਕਾਰੀ ਨਿਯਮਾਂ ਦੇ ਅਨੁਸਾਰ ਮੁਫਤ ਕੋਚਿੰਗ, ਮੁਫਤ ਹੋਸਟਲ ਆਵਾਸ ਅਤੇ ਵਿੱਤੀ ਸਹਾਇਤਾ ਮੁਹੱਈਆ ਕੀਤੀ ਜਾਵੇਗੀ। ਉਹਨਾਂ ਉਮੀਦਵਾਰਾਂ ਜਿਨ੍ਹਾਂ ਨੇ ਕਿਸੇ ਰਾਜ ਸਰਕਾਰ ਜਾਂ ਭਾਰਤ ਸਰਕਾਰ ਦੀ ਫਰੀ ਸਕੀਮ ਅਧੀਨ ਦੋ ਵਾਰੀ ਕੋਚਿੰਗ ਪ੍ਰਾਪਤ ਕੀਤੀ ਹੈ, ਨੂੰ ਵਿਚਾਰਿਆ ਨਹੀਂ ਜਾਵੇਗਾ। ਉਹ ਉਮੀਦਵਾਰ ਜਿਨ੍ਹਾਂ ਨੇ ਇਸ ਸਕੀਮ ਤਹਿਤ ਪਹਿਲਾਂ ਇੱਕ ਵਾਰੀ ਕੋਚਿੰਗ ਪ੍ਰਾਪਤ ਕੀਤੀ ਹੈ, ਉਹਨਾਂ ਨੂੰ ਕੁਝ ਸ਼ਰਤਾਂ ਤਹਿਤ ਹੀ ਵਿਚਾਰਿਆ ਜਾਵੇਗਾ।

ਉਮੀਦਵਾਰ ਦੀ ਚੋਣ ਜਨਰਲ ਇੰਗਲਿਸ਼, ਕੁਆਂਟੇਟਿਵ ਐਪਟੀਚਿਊਡ, ਰੀਜ਼ਨਿੰਗ ਅਤੇ ਕਰੰਟ ਇਵੈਂਟਸ ਵਿਸ਼ਿਆਂ ਦੇ ਆਬਜੈਕਟਿਵ ਟਾਈਪ ਟੈਸਟ ਦੇ ਆਧਾਰ ਤੇ ਕੀਤੀ ਜਾਵੇਗੀ, ਜੋ ਕਿ ਮਿਤੀ 22.6.2015 ਨੂੰ ਸਵੇਰੇ 10.00 ਵਜੇ ਅੰਬੇਡਕਰ ਇੰਸਟੀਚਿਊਟ ਆਫ ਕੈਰੀਅਰਜ ਐਂਡ ਕੋਰਸਿਜ, ਫੇਸ-।।।-ਬੀ-2, ਐਸ.ਏ.ਐਸ. ਨਗਰ ਮੁਹਾਲੀ ਵਿਚ ਆਯੋਜਿਤ ਕੀਤਾ ਜਾਵੇਗਾ। ਇਹ ਟੈੱਸਟ ਇੱਕ ਘੰਟੇ ਦਾ ਹੋਵੇਗਾ। ਉਮੀਦਵਾਰ ਟੈਸਟ ਦੇ ਸਮੇਂ ਤੇ ਇੱਕ ਪਾਸਪੋਰਟ ਆਕਾਰ ਦੀ ਫੋਟੋਗ੍ਰਾਫ ਅਤੇ ਇੱਕ ਫੋਟੋ ਪਹਿਚਾਣ ਪੱਤਰ ਜਿਵੇਂ ਕਿ ਆਧਾਰ ਕਾਰਡ, ਆਈਡੈਂਟਿਟੀ ਕਾਰਡ ਦੀ ਕਾਪੀ ਆਦਿ, ਇੱਕ ਨੀਲਾ ਬਾਲ ਪੈੱਨ ਅਤੇ ਪੇਪਰ ਦੇਣ ਲਈ ਇੱਕ ਕਾਰਡ ਬੋਰਡ (ਗੱਤਾ) ਨਾਲ ਲੈ ਕੇ ਆਉਣ।

ਵਿਦਿਅਕ ਯੋਗਤਾਵਾਂ (ਗ੍ਰੈਜੂਏਸ਼ਨ ਦੀ ਡੀ.ਐਮ.ਸੀ.), ਉਮਰ (ਦਸਵੀਂ ਦੀ ਡੀ.ਐਮ.ਸੀ.), ਜਾਤੀ ਸਰਟੀਫਿਕੇਟ (ਘੱਟ ਗਿਣਤੀ ਨਾਲ ਸਬੰਧਤ ਹੋਣ ਦੀ ਸੂਰਤ ਵਿਚ ਐਫੀਡੈਵਿਟ ਲਗਾਇਆ ਜਾਵੇ), ਡੋਮੀਸਾਈਲ ਆਦਿ ਇਹਨਾਂ ਸਾਰੇ ਸਰਟੀਫਿਕੇਟਾਂ ਦੀਆਂ ਆਪਣੇ ਵਲੋਂ ਤਸਦੀਕਸ਼ੁਦਾ ਕਾਪੀਆਂ ਸਹਿਤ ਹੇਠਾਂ ਦਿੱਤੇ ਫਾਰਮੈਟ ਵਿਚ ਬਿਨੇ-ਪੱਤਰ ਮਿਤੀ 17.06.2015 ਨੂੰ ਜਾਂ ਇਸ ਤੋਂ ਪਹਿਲਾਂ ਹੀ ਪ੍ਰਿੰਸੀਪਲ, ਅੰਬੇਡਕਰ ਇੰਸਟੀਚਿਊਟ ਆਫ ਕਰੀਅਰਜ ਐਂਡ ਕੋਰਸਿਜ, ਫੇਸ-।।।-ਬੀ-2, ਮੁਹਾਲੀ ਦੇ ਦਫਤਰ ਵਿਚ ਪਹੁੰਚ ਜਾਣੇ ਚਾਹੀਦੇ ਹਨ। ਆਖਰੀ ਮਿਤੀ ਨੂੰ 5.00 ਵਜੇ ਤੋਂ ਬਾਅਦ ਕੋਈ ਵੀ ਬਿਨੇਪੱਤਰ ਦਸਤੀ ਤੌਰ ਤੇ ਜਾਂ ਡਾਕ ਰਾਹੀਂ ਵਿਚਾਰਿਆ ਨਹੀਂ ਜਾਏਗਾ। ਜਿਨ੍ਹਾਂ ਉਮੀਦਵਾਰਾਂ ਦੇ ਬਿਨੇ-ਪੱਤਰ ਮਿਤੀ 17.06.2015 ਤੱਕ ਇੰਸਟੀਚਿਊਟ ਵਿਖੇ ਪ੍ਰਾਪਤ ਹੋ ਜਾਣਗੇ, ਉਹਨਾਂ ਦੀ ਸੂਚੀ ਇੰਸਟੀਚਿਊਟ ਦੀ ਵੈੱਬਸਾਈਟ ਤੇ ਮਿਤੀ 21.06.2015 ਜਾਂ ਇਸ ਤੋਂ ਪਹਿਲਾਂ ਹੀ ਅਪਲੋਡ ਕਰ ਦਿੱਤੀ ਜਾਵੇਗੀ। ਸੂਚੀ ਅਪਲੋਡ ਕਰਦੇ ਸਮੇਂ ਉਮੀਦਵਾਰਾਂ ਦੇ ਬਿਨੇ-ਪੱਤਰਾਂ ਦੀ ਸਕਰੂਟਨੀ (ਜਾਂਚ-ਪੜਤਾਲ) ਨਹੀਂ ਕੀਤੀ ਜਾਵੇਗੀ। ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਯੋਗਤਾਵਾਂ ਚੈੱਕ ਕਰਨ ਉਪਰੰਤ ਹੀ ਟੈੱਸਟ ਵਿਚ ਸ਼ਾਮਲ ਹੋਣ। ਟੈੱਸਟ ਦੇਣ ਲਈ ਕੋਈ ਵੀ ਪੱਤਰ ਜਾਂ ਐਡਮਿਸ਼ਨ ਕਾਰਡ ਵੱਖਰੇ ਤੌਰ ਤੇ ਜਾਰੀ ਨਹੀਂ ਕੀਤਾ ਜਾਵੇਗਾ। ਜੇਕਰ ਉਮੀਦਵਾਰ ਗ੍ਰੈਜੂਏਸ਼ਨ ਦੇ ਫਾਈਨਲ ਐਗਜ਼ਾਮ ਵਿੱਚ ਅਪੀਅਰ ਹੋਏ ਹਨ, ਉਨ੍ਹਾਂ ਨੂੰ ਤਾਂ ਹੀ ਵਿਚਾਰਿਆ ਜਾਵੇਗਾ ਜੇਕਰ ਉਹ ਗ੍ਰੈਜੂਏਸ਼ਨ ਵਿੱਚ ਪਾਸ ਹੋਣ ਦਾ ਸਬੂਤ ਟੈਸਟ ਦੇ ਸਮੇਂ ਭਾਵ ਮਿਤੀ 22-6-2015 ਤੱਕ ਸਬਮਿਟ ਕਰ ਦਿੰਦੇ ਹਨ।

ਉਮੀਦਵਾਰਾਂ ਦੀ ਚੋਣ ਉਨ੍ਹਾਂ ਦੇ ਟੈੱਸਟ ਦੀ ਪ੍ਰਫਾਰਮੈਂਸ ਦੇ ਆਧਾਰ ਤੇ ਹੀ ਕੀਤੀ ਜਾਵੇਗੀ। ਉਮੀਦਵਾਰ ਦੀ ਪਾਤਰਤਾ ਉਸ ਸੂਰਤ ਵਿਚ ਰੱਦ ਕਰ ਦਿੱਤੀ ਜਾਵੇਗੀ ਜੇਕਰ ਸੰਸਥਾ ਨੂੰ ਉਸ ਵੱਲੋਂ ਦਿੱਤੀ ਗਈ ਜਾਣਕਾਰੀ/ਕਲੇਮ ਉਸ ਦੇ ਦਸਤਾਵੇਜਾਂ ਦੀ ਜਾਂਚ ਪੜਤਾਲ ਦੌਰਾਨ ਸਹੀ ਨਾ ਪਾਈ ਗਈ। ਚੁਣ ਗਏ ਉਮੀਦਵਾਰਾਂ ਨੂੰ ਕੋਰਸ ਵਿਚ ਸ਼ਾਮਲ ਹੋਣ ਦੇ ਸਮੇਂ ਅਸਲ ਦਸਤਾਵੇਜਾਂ ਸਹਿਤ ਆਮਦਨ ਦਾ ਸਬੂਤ ਪੇਸ਼ ਕਰਨਾ ਹੋਵੇਗਾ। ਕੋਰਸ ਮਿਤੀ 01.07.2015 ਤੋਂ 31.10.2015 (4 ਮਹੀਨੇ) ਤੱਕ ਚਲੇਗਾ।

**ਡਾਇਰੈਕਟਰ**

# ਬਿਨੇ-ਪੱਤਰ ਲਈ ਫਾਰਮੈਟ

(ਉਮੀਦਵਾਰ ਹੇਠ ਦਿੱਤੇ ਫਾਰਮੈਟ ਅਨੁਸਾਰ ਅਰਜ਼ੀ ਪਲੇਨ ਪੇਪਰ ਤੇ ਟਾਈਪ ਕਰਵਾ ਕੇ ਭੇਜਣ)

## ਬੈਂਕ (ਪੀ.ਓ./ਐਲ.ਆਈ.ਸੀ.(ਏ.ਏ.ਓ.)-2015 ਦੇ ਕੋਚਿੰਗ ਕੋਰਸ ਲਈ ਬਿਨੇ-ਪੱਤਰ

ਆਪਣੇ ਵਲੋਂ ਤਸਦੀਕ ਕੀਤੀ ਹੋਈ ਪਾਸ-ਪੋਰਟ ਸਾਈਜ਼ ਫੋਟੋ ਲਗਾਈ ਜਾਵੇ।

1. ਉਮੀਦਵਾਰ ਦਾ ਨਾਂਅ
2. ਪਿਤਾ ਦਾ ਨਾਂਅ
3. ਜਨਮ ਮਿਤੀ
4. ਸਥਾਈ ਪਤਾ
5. ਪੱਤਰ-ਵਿਹਾਰ ਦਾ ਪਤਾ
   (ਫੋਨ ਨੰ: ਅਤੇ ਈਮੇਲ ਪਤੇ ਸਹਿਤ)
6. ਵਰਗ(ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਘੱਟ ਗਿਣਤੀ)
7. ਜਾਤੀ
8. ਗ੍ਰੈਜੂਏਸ਼ਨ ਵਿਚ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ
9. ਗ੍ਰੈਜੂਏਸ਼ਨ ਤੋਂ ਬਾਅਦ ਜੇਕਰ ਕੋਈ ਹੋਰ ਪ੍ਰੀਖਿਆ ਪਾਸ ਕੀਤੀ ਹੋਵੇ,
   ਜੇਕਰ ਹਾਂ ਤਾਂ ਪਾਸ ਕੀਤੀ ਪ੍ਰੀਖਿਆ ਦਾ ਵੇਰਵਾ ਦਿੱਤਾ ਜਾਵੇ
10. ਸਾਰੇ ਸਰੋਤਾਂ ਤੋਂ ਪਰਿਵਾਰਕ ਸਾਲਾਨਾ ਆਮਦਨ
11. ਜੇਕਰ ਪਹਿਲਾਂ ਫਰੀ ਕੋਚਿੰਗ ਪ੍ਰਾਪਤ ਕੀਤੀ ਹੈ ਤਾਂ ਉਸ ਦਾ ਵੇਰਵਾ
    (ਸੰਸਥਾ ਦਾ ਨਾਮ ਅਤੇ ਕੋਚਿੰਗ ਦੇ ਸਮੇਂ ਸਹਿਤ)

ਮਿਤੀ:

ਉਮੀਦਵਾਰ ਦੇ ਹਸਤਾਖਰ

ਨੋਟ: ਬਿਨੈ-ਪੱਤਰ ਆਨਲਾਈਨ ਅਪਲਾਈ ਕਰਨ ਦੀ ਸਹੂਲਤ ਅਜੇ ਉਪਲਬਧ ਨਹੀਂ ਹੈ। ਉਮੀਦਵਾਰ ਆਖਰੀ ਮਿਤੀ ਤੋਂ ਪਹਿਲਾਂ ਪਹਿਲਾਂ ਆਪਣੇ ਬਿਨੇ-ਪੱਤਰ ਦਸਤੀ/ਡਾਕ ਰਾਹੀਂ ਭੇਜ ਸਕਦੇ ਹਨ। ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੇ-ਪੱਤਰ ਨਹੀਂ ਵਿਚਾਰੇ ਜਾਣਗੇ।